# ਬੁਕਿੰਗ ਦੁਭਾਸ਼ੀਏ

MCCSA
Multicultural Communities Council of South Australia

**ਜੇਕਰ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ ਹੋ ਅਤੇ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰਨ ਦੀ ਲੋੜ ਹੈ ਤਾਂ ਤੁਸੀਂ 131 450 'ਤੇ ਨੈਸ਼ਨਲ ਟ੍ਰਾਂਸਲੇਸ਼ਨ ਐਂਡ ਇੰਟਰਪ੍ਰੇਟਿੰਗ ਸਰਵਿਸ (National Translation and Interpreting Service) ਨੂੰ ਫ਼ੋਨ ਕਰ ਸਕਦੇ ਹੋ ਅਤੇ SA ਸਟੇਟ ਐਮਰਜੈਂਸੀ ਸਰਵਿਸ (SA SES) ਨਾਲ ਸੰਪਰਕ ਕਰਵਾਉਣ ਲਈ ਕਹਿ ਸਕਦੇ ਹੋ। ਇਹ ਸੇਵਾ ਮੁਫ਼ਤ ਹੈ ਅਤੇ 24 ਘੰਟੇ ਉਪਲਬਧ ਹੈ।**

1. ਜਦੋਂ ਤੁਸੀਂ TIS National ਨੂੰ ਫ਼ੋਨ ਕਰਦੇ ਹੋ ਤਾਂ ਆਪਣੇ-ਆਪ ਚੱਲਣ ਵਾਲੀ ਆਵਾਜ਼ ਤੁਹਾਨੂੰ ਪੁੱਛੇਗੀ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ। ਕਿਰਪਾ ਕਰਕੇ ਉਹ ਭਾਸ਼ਾ ਦੱਸੋ ਜਿਸਦੀ ਤੁਹਾਨੂੰ ਲੋੜ ਹੈ।
2. ਜਦੋਂ ਤੁਸੀਂ TIS National ਆਪਰੇਟਰ ਨਾਲ ਜੁੜਦੇ ਹੋ, ਤਾਂ ਤੁਹਾਨੂੰ ਲੋੜੀਂਦੀ ਭਾਸ਼ਾ ਦੁਬਾਰਾ ਦੱਸੋ।
3. ਫ਼ੋਨ 'ਤੇ ਬਣੇ ਰਹੋ ਜਦੋਂ ਤੱਕ ਕਿ ਉਹ ਆਪਰੇਟਰ ਤੁਹਾਡੇ ਲਈ ਉਪਲਬਧ ਦੁਭਾਸ਼ੀਏ ਨੂੰ ਲੱਭਦਾ ਹੈ।

ਇਹ ਆਪਰੇਟਰ ਤੁਹਾਨੂੰ ਉਸ ਭਾਸ਼ਾ ਵਿੱਚ ਦੁਭਾਸ਼ੀਏ ਨਾਲ ਜੋੜੇਗਾ ਜਿਸਦੀ ਤੁਸੀਂ ਮੰਗ ਕੀਤੀ ਹੈ। ਤੁਹਾਨੂੰ ਇਹ ਚੀਜ਼ਾਂ ਦੱਸਣ ਲਈ ਕਿਹਾ ਜਾਵੇਗਾ:

- ਤੁਹਾਡਾ ਨਾਮ
- ਉਸ ਸੰਸਥਾ ਦਾ ਨਾਮ ਜਿਸ ਨਾਲ ਤੁਹਾਨੂੰ ਸੰਪਰਕ ਕਰਨ ਦੀ ਲੋੜ ਹੈ
- ਉਸ ਸੰਸਥਾ ਦਾ ਫ਼ੋਨ ਨੰਬਰ ਜਿਸ ਨਾਲ ਤੁਹਾਨੂੰ ਸੰਪਰਕ ਕਰਨ ਦੀ ਲੋੜ ਹੈ।

ਹੜ੍ਹ ਅਤੇ ਤੂਫ਼ਾਨ ਦੌਰਾਨ ਐਮਰਜੈਂਸੀ ਮੱਦਦ ਲਈ SES ਨਾਲ 132 500 'ਤੇ ਸੰਪਰਕ ਕੀਤਾ ਜਾ ਸਕਦਾ ਹੈ

- ਘਰ ਨੂੰ ਗੰਭੀਰ ਨੁਕਸਾਨ
- ਹੜ੍ਹ ਦੇ ਖ਼ਤਰੇ ਵਿਚਲੇ ਘਰ ਲਈ
- ਕਾਰ ਜਾਂ ਘਰ 'ਤੇ ਡਿੱਗੇ ਦਰੱਖਤ

ਤੂਫ਼ਾਨ, ਹੜ੍ਹ, ਲੂੰ ਜਾਂ ਬੁਸ਼ਫਾਇਰ ਵਰਗੀਆਂ ਵੱਡੀਆਂ ਮੌਸਮੀ ਘਟਨਾਵਾਂ ਦੌਰਾਨ ਜਾਣਕਾਰੀ ਲਈ ਸੂਚਨਾ ਹਾਟਲਾਈਨ (Information Hotline) ਨੂੰ 1800 362 361 'ਤੇ ਸੰਪਰਕ ਕੀਤਾ ਜਾ ਸਕਦਾ ਹੈ।
ਜਾਨ ਨੂੰ ਜ਼ੋਖਮ ਵਾਲੀਆਂ ਐਮਰਜੈਂਸੀਆਂ ਵਿੱਚ ਜਦੋਂ ਪੁਲਿਸ, ਫ਼ਾਇਰ ਅਤੇ ਐਂਬੂਲੈਂਸ ਤੋਂ ਤੁਰੰਤ ਜਵਾਬੀ ਕਾਰਵਾਈ ਦੀ ਲੋੜ ਹੁੰਦੀ ਹੈ ਤਾਂ 000 'ਤੇ ਫ਼ੋਨ ਕਰੋ।

**ਜਦੋਂ ਆਪਰੇਟਰ ਤੁਹਾਨੂੰ ਅਤੇ ਦੁਭਾਸ਼ੀਏ ਨੂੰ ਉਸ ਸੰਸਥਾ ਨਾਲ ਜੋੜਦਾ ਹੈ ਤਾਂ ਫ਼ੋਨ 'ਤੇ ਬਣੇ ਰਹੋ।**

ਇਸ ਸੁਨੇਹੇ ਅਤੇ ਹੋਰ ਸੰਬੰਧਿਤ ਜਾਣਕਾਰੀ ਲਈ
**www.tisnational.gov.au** ਅਤੇ **www.sa.gov.au** 'ਤੇ ਜਾਓ
Multicultural Communities Council of SA ਦੁਆਰਾ ਸਮਰਥਨ ਪ੍ਰਾਪਤ

Australian Government
Department of Home Affairs

TIS — Translating and Interpreting Service

**Multicultural Communities Council of South Australia**
113 Gilbert Street, Adelaide SA 5000
**PHONE** (08) 8345 5266
**E** mccsa@mccsa.org.au
**www.mccsa.org.au**